# 2023 ਬੀਸੀ ਕਿਸ਼ੋਰ ਸਿਹਤ ਸਰਵੇਖਣ: ਮਾਤਾ-ਪਿਤਾ ਸਹਿਮਤੀ ਫਾਰਮ

ਪਿਆਰੇ ਮਾਤਾ/ਪਿਤਾ/ਸਰਪ੍ਰਸਤ,

ਮੈਕਕ੍ਰੀਰੀ ਸੈਂਟਰ ਸੋਸਾਇਟੀ ਇੱਕ ਬੀਸੀ ਅਧਾਰਤ ਚੈਰਿਟੀ ਹੈ ਜੋ ਹਰ ਪੰਜ ਸਾਲਾਂ ਬਾਅਦ ਬੀਸੀ ਕਿਸ਼ੋਰ ਸਿਹਤ ਸਰਵੇਖਣ ਕਰਦੀ ਹੈ। ਸਰਵੇਖਣ ਦੇ ਨਤੀਜਿਆਂ ਨੂੰ ਤੁਹਾਡੇ ਭਾਈਚਾਰੇ ਅਤੇ ਬੀਸੀ ਵਿੱਚ ਨੌਜਵਾਨਾਂ ਦੀ ਸਿਹਤ ਨੂੰ ਬਿਹਤਰ ਬਣਾਉਣ ਲਈ ਵਰਤਿਆ ਜਾਂਦਾ ਹੈ। ਸਕੂਲ, ਸਰਕਾਰ, ਅਤੇ ਭਾਈਚਾਰੇ ਜਾਣਕਾਰੀ ਨੂੰ ਪ੍ਰੋਗਰਾਮਾਂ ਦੀ ਯੋਜਨਾਬੰਦੀ ਅਤੇ ਮੁਲਾਂਕਣ ਲਈ ਵਰਤਦੇ ਹਨ। ਸਰਵੇਖਣ ਨੂੰ ਬੀਸੀ ਸਰਕਾਰ ਦੁਆਰਾ ਫੰਡ ਦਿੱਤਾ ਗਿਆ ਹੈ।

ਤੁਹਾਡੇ ਬੱਚੇ ਦੀ ਕਲਾਸ ਨੂੰ ਇਸ ਕਿਸ਼ੋਰ ਸਿਹਤ ਸਰਵੇਖਣ ਵਿੱਚ ਹਿੱਸਾ ਲੈਣ ਲਈ ਸੱਦਾ ਦਿੱਤਾ ਗਿਆ ਹੈ। ਅਸੀਂ ਗ੍ਰੇਡ 7-12 ਦੇ 30,000 ਤੋਂ ਵੱਧ ਬ੍ਰਿਟਿਸ਼ ਕੋਲੰਬੀਆ ਦੇ ਵਿਦਿਆਰਥੀਆਂ ਨੂੰ ਭਾਗ ਲੈਣ ਲਈ ਸੱਦਾ ਦੇ ਰਹੇ ਹਾਂ। ਸਰਵੇਖਣ ਵਿੱਚ ਜ਼ਿਆਦਾਤਰ ਵਿਦਿਆਰਥੀਆਂ ਨੂੰ 30-45 ਮਿੰਟ ਲੱਗਦੇ ਹਨ। ਵਿਦਿਆਰਥੀ ਸਰਵੇਖਣ ਨੂੰ ਕਾਗਜ਼ 'ਤੇ ਜਾਂ ਔਨਲਾਈਨ ਭਰਨਗੇ। ਇੱਕ ਨਰਸ ਦੁਆਰਾ ਸਰਵੇਖਣ ਜਾਂ ਸਰਵੇਖਣ ਦਾ ਲਿੰਕ ਦਿੱਤਾ ਜਾਵੇਗਾ।

ਸਰਵੇਖਣ 'ਤੇ ਸਵਾਲ ਸਕੂਲ, ਭਾਈਚਾਰੇ ਅਤੇ ਤੁਹਾਡੇ ਬੱਚੇ ਦੇ ਜੀਵਨ ਵਿੱਚ ਲੋਕਾਂ; ਸਰੀਰਕ, ਮਾਨਸਿਕ ਅਤੇ ਜਿਨਸੀ ਸਿਹਤ; ਸੱਟਾਂ; ਹਿੰਸਾ ਅਤੇ ਵਿਤਕਰਾ; ਸ਼ਰਾਬ ਅਤੇ ਹੋਰ ਪਦਾਰਥਾਂ ਦੀ ਵਰਤੋਂ; ਮਨੋਰੰਜਨਕ ਗਤੀਵਿਧੀਆਂ; ਟੈਕਨਾਲੋਜੀ; ਨੀਂਦ; ਅਤੇ ਪੋਸ਼ਣ ਬਾਰੇ ਪੁੱਛਦੇ ਹਨ। ਕੁਝ ਸਵਾਲ COVID-19 ਨਾਲ ਸੰਬੰਧਿਤ ਹਨ।

ਤੁਹਾਡਾ ਬੱਚਾ ਚੋਣ ਕਰ ਸਕਦਾ ਹੈ ਕਿ ਭਾਗ ਲੈਣਾ ਹੈ ਜਾਂ ਨਹੀਂ, ਉਹਨਾਂ ਸਵਾਲਾਂ ਨੂੰ ਛੱਡ ਸਕਦਾ ਹੈ ਜਿਨ੍ਹਾਂ ਦਾ ਉਹ ਜਵਾਬ ਨਹੀਂ ਦੇਣਾ ਚਾਹੁੰਦਾ, ਅਤੇ ਕਿਸੇ ਵੀ ਸਮੇਂ ਸਰਵੇਖਣ ਨੂੰ ਰੋਕ ਸਕਦਾ ਹੈ। ਜਿਹੜੇ ਵਿਦਿਆਰਥੀ ਭਾਗ ਨਾ ਲੈਣ ਦੀ ਚੋਣ ਕਰਦੇ ਹਨ ਉਹਨਾਂ ਨੂੰ ਕਲਾਸਰੂਮ ਅਧਿਆਪਕ ਦੁਆਰਾ ਇੱਕ ਹੋਰ ਗਤੀਵਿਧੀ ਦਿੱਤੀ ਜਾਵੇਗੀ। ਨਰਸ ਦੁਆਰਾ ਸਕੂਲ ਵਿੱਚ ਸਥਾਪਿਤ COVID ਸੁਰੱਖਿਆ ਨਿਯਮਾਂ ਦੀ ਪਾਲਣਾ ਕੀਤੀ ਜਾਵੇਗੀ।

ਜੇ ਤੁਹਾਡਾ ਬੱਚਾ ਸਰਵੇਖਣ ਵਿੱਚ ਹਿੱਸਾ ਲੈਣਾ ਚਾਹੁੰਦਾ ਹੈ, ਤਾਂ ਤੁਹਾਡੇ ਸਕੂਲ ਡਿਸਟ੍ਰਿਕਟ ਨੂੰ ਵੀ ਤੁਹਾਡੀ ਸਹਿਮਤੀ ਦੀ ਲੋੜ ਹੈ। **ਕਿਰਪਾ ਕਰਕੇ ਪੰਨਾ ਦੋ 'ਤੇ ਸਹਿਮਤੀ ਫਾਰਮ ਨੂੰ ਭਰ ਕੇ ਇਹ ਦਰਸਾਓ ਕਿ ਕੀ ਤੁਹਾਡੇ ਬੱਚੇ ਨੂੰ ਸਰਵੇਖਣ ਵਿੱਚ ਹਿੱਸਾ ਲੈਣ ਦੀ ਇਜਾਜ਼ਤ ਹੈ**, ਅਤੇ ਜਿੰਨੀ ਜਲਦੀ ਹੋ ਸਕੇ, ਇਹ ਆਪਣੇ ਬੱਚੇ ਦੇ ਅਧਿਆਪਕ ਨੂੰ ਵਾਪਸ ਕਰ ਦਿਓ।

## ਇਹ ਸਰਵੇਖਣ ਗੁਪਤ ਹੈ

ਸਰਵੇਖਣ ਗੁਪਤ ਅਤੇ ਗੁੰਮਨਾਮ ਹੈ। ਕੋਈ ਨਾਮ ਦਰਜ ਨਹੀਂ ਕੀਤੇ ਜਾਂਦੇ ਹਨ। ਜਵਾਬਾਂ ਦਾ ਵਿਸ਼ਲੇਸ਼ਣ ਕੀਤੇ ਜਾਣ ਤੋਂ ਪਹਿਲਾਂ ਕਿਸੇ ਵੀ ਸੰਭਾਵੀ ਤੌਰ 'ਤੇ ਪਛਾਣ ਕਰਨ ਵਾਲੀ ਜਾਣਕਾਰੀ ਨੂੰ ਸਰਵੇਖਣ ਤੋਂ ਹਟਾ ਦਿੱਤਾ ਜਾਵੇਗਾ। ਕੋਈ ਵੀ ਵਿਅਕਤੀ ਜਵਾਬਾਂ ਨੂੰ ਕਿਸੇ ਵਿਸ਼ੇਸ਼ ਵਿਦਿਆਰਥੀ ਨਾਲ ਜੋੜ ਨਹੀਂ ਸਕੇਗਾ। ਹਾਲਾਂਕਿ, ਜੇਕਰ ਵਿਦਿਆਰਥੀ ਸਰਵੇਖਣ 'ਤੇ ਆਪਣਾ ਨਾਮ ਪਾਉਣ ਦੀ ਚੋਣ ਕਰਦੇ ਹਨ ਅਤੇ ਕਹਿੰਦੇ ਹਨ ਕਿ ਉਨ੍ਹਾਂ ਨਾਲ ਦੁਰਵਿਵਹਾਰ ਹੋਇਆ ਹੈ ਜਾਂ ਉਹ ਆਤਮ-ਹੱਤਿਆ ਕਰਨ ਜਾਂ ਕਿਸੇ ਨੂੰ ਦੁੱਖ ਪਹੁੰਚਾਉਣ ਬਾਰੇ ਸੋਚ ਰਹੇ ਹਨ, ਤਾਂ ਸਾਨੂੰ ਇਸਦੀ ਸੂਚਨਾ ਉਚਿਤ ਬਾਲ ਭਲਾਈ ਏਜੰਸੀਆਂ ਨੂੰ ਦੇਣੀ ਪਵੇਗੀ।

ਸਿਰਫ ਮੈਕਕ੍ਰੀਰੀ ਸੈਂਟਰ ਸੋਸਾਇਟੀ ਅਤੇ UBC ਨਾਲ ਜੁੜੇ ਸਿਖਲਾਈ ਪ੍ਰਾਪਤ ਖੋਜਕਰਤਾਵਾਂ ਦੀ ਹੀ ਸਰਵੇਖਣਾਂ ਤੱਕ ਪਹੁੰਚ ਹੋਵੇਗੀ। ਸਰਵੇਖਣਾਂ ਦੀਆਂ ਸਾਰੀਆਂ ਮੂਲ ਕਾਪੀਆਂ (ਕਾਗਜ਼ੀ ਅਤੇ ਔਨਲਾਈਨ) ਮੈਕਕ੍ਰੀਰੀ ਵਿਖੇ ਅਤੇ ਕੈਨੇਡਾ ਵਿੱਚ ਪਾਸਵਰਡ ਨਾਲ ਸੁਰੱਖਿਅਤ ਕੰਪਿਊਟਰਾਂ ਵਿੱਚ 5 ਸਾਲਾਂ ਲਈ ਸੁਰੱਖਿਅਤ ਢੰਗ ਨਾਲ ਸਟੋਰ ਕੀਤੀਆਂ ਜਾਣਗੀਆਂ ਅਤੇ ਫਿਰ ਨਸ਼ਟ ਕਰ ਦਿੱਤੀਆਂ ਜਾਣਗੀਆਂ। ਸਰਵੇਖਣ ਦੇ ਜਵਾਬਾਂ ਨੂੰ ਭਵਿੱਖ ਵਿੱਚ ਵਰਤੇ ਜਾਣ ਲਈ ਮੈਕਕ੍ਰੀਰੀ ਵਿਖੇ ਪਾਸਵਰਡ ਨਾਲ ਸੁਰੱਖਿਅਤ ਕੰਪਿਊਟਰਾਂ 'ਤੇ ਸੁਰੱਖਿਅਤ ਡੇਟਾਬੇਸ ਵਿੱਚ ਸਟੋਰ ਕੀਤਾ ਜਾਂਦਾ ਹੈ। ਸਰਵੇਖਣ ਨਤੀਜਿਆਂ ਦੀਆਂ ਰਿਪੋਰਟਾਂ ਅਤੇ ਤੱਥ ਸ਼ੀਟਾਂ www.mcs.bc.ca 'ਤੇ ਪੋਸਟ ਕੀਤੀਆਂ ਜਾਣਗੀਆਂ।

## ਜੋਖਮ ਅਤੇ ਫਾਇਦੇ

ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਹਿੱਸਾ ਲੈਣ ਨਾਲ ਸਿੱਧਾ ਲਾਭ ਨਹੀਂ ਹੋਵੇਗਾ। ਜੇ ਤੁਹਾਡਾ ਬੱਚਾ ਹਿੱਸਾ ਲੈਂਦਾ ਹੈ, ਤਾਂ ਉਸਦੀ ਭਾਗੀਦਾਰੀ ਯਕੀਨੀ ਬਣਾਉਂਦੀ ਹੈ ਕਿ ਸੇਵਾਵਾਂ ਅਤੇ ਪ੍ਰੋਗਰਾਮਾਂ ਦੀ ਯੋਜਨਾ ਬਣਾਉਣ ਵਿੱਚ ਨੌਜਵਾਨਾਂ ਦੀ ਰਾਏ ਹੋਵੇ ਅਤੇ ਜਿੱਥੇ ਲੋੜ ਹੋਵੇ ਉੱਥੇ ਤਬਦੀਲੀ ਕਰਨ ਵਿੱਚ ਮਦਦ ਕਰੇਗੀ। ਇਸ ਗੱਲ ਦਾ ਜੋਖਮ ਹੋ ਸਕਦਾ ਹੈ ਕਿ ਕੋਈ ਹੋਰ ਵਿਦਿਆਰਥੀ ਤੁਹਾਡੇ ਬੱਚੇ ਦੇ ਜਵਾਬਾਂ 'ਤੇ

ਨਜ਼ਰ ਮਾਰ ਰਿਹਾ ਹੋਵੇ, ਜਾਂ ਉਹ ਮਹਿਸੂਸ ਕਰ ਸਕਦੇ ਹਨ ਕਿ ਕੁਝ ਸਵਾਲ ਸੰਵੇਦਨਸ਼ੀਲ ਹਨ ਅਤੇ ਥੋੜ੍ਹੀ ਬੇਅਰਾਮੀ ਜਾਂ ਤਣਾਅ ਮਹਿਸੂਸ ਕਰ ਸਕਦੇ ਹਨ। ਵਿਦਿਆਰਥੀਆਂ ਦੇ ਕਿਸੇ ਵੀ ਸਵਾਲ ਜਾਂ ਚਿੰਤਾਵਾਂ ਦਾ ਜਵਾਬ ਦੇਣ ਲਈ ਨਰਸ ਉਪਲਬਧ ਹੋਵੇਗੀ। ਵਿਦਿਆਰਥੀਆਂ ਨੂੰ ਸਹਾਇਤਾ ਸੇਵਾਵਾਂ ਨਾਲ ਸੰਪਰਕ ਕਰਨ ਦੀ ਜਾਣਕਾਰੀ ਵਾਲਾ ਇੱਕ ਕਾਰਡ ਵੀ ਦਿੱਤਾ ਜਾਂਦਾ ਹੈ।

ਜੇਕਰ ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਇੱਕ ਖੋਜ ਭਾਗੀਦਾਰ ਵਜੋਂ ਤੁਹਾਡੇ ਅਧਿਕਾਰਾਂ ਅਤੇ/ਜਾਂ ਇਸ ਅਧਿਐਨ ਵਿੱਚ ਹਿੱਸਾ ਲੈਣ ਦੌਰਾਨ ਤੁਹਾਡੇ ਤਜ਼ਰਬਿਆਂ ਬਾਰੇ ਕੋਈ ਚਿੰਤਾਵਾਂ ਜਾਂ ਸ਼ਿਕਾਇਤਾਂ ਹਨ, ਤਾਂ UBC ਆਫਿਸ ਆਫ਼ ਰਿਸਰਚ ਐਥਿਕਸ ਵਿੱਚ ਰਿਸਰਚ ਭਾਗੀਦਾਰ ਸ਼ਿਕਾਇਤ ਲਾਈਨ ਨਾਲ 604-822-8598 'ਤੇ ਸੰਪਰਕ ਕਰੋ ਜਾਂ ਜੇ ਇਹ ਲੰਮੀ ਦੂਰੀ ਦੀ ਕਾਲ ਹੈ ਤਾਂ RSIL@ors.ubc.ca 'ਤੇ ਈਮੇਲ ਕਰੋ ਜਾਂ ਟੋਲ ਫ੍ਰੀ 1-877-822-8598 'ਤੇ ਕਾਲ ਕਰੋ।

ਜੇ ਤੁਸੀਂ ਸਰਵੇਖਣ ਜਾਂ ਮੈਕਕ੍ਰੀਰੀ ਸੈਂਟਰ ਸੋਸਾਇਟੀ ਬਾਰੇ ਹੋਰ ਜਾਣਕਾਰੀ ਚਾਹੁੰਦੇ ਹੋ, ਤਾਂ ਤੁਸੀਂ ਸਾਡੀ ਵੈੱਬਸਾਈਟ (www.mcs.bc.ca) 'ਤੇ ਜਾ ਸਕਦੇ ਹੋ। ਜੇਕਰ ਤੁਹਾਡੇ ਕੋਈ ਸਵਾਲ, ਚਿੰਤਾਵਾਂ ਜਾਂ ਸ਼ਿਕਾਇਤਾਂ ਹਨ ਤਾਂ ਤੁਸੀਂ ਹੇਠਾਂ ਦਿੱਤੇ ਪਤੇ 'ਤੇ ਐਨੀ ਸਮਿਥ (Annie Smith) ਨਾਲ ਵੀ ਸੰਪਰਕ ਕਰ ਸਕਦੇ ਹੋ।

ਤਹਿ ਦਿਲੋਂ,


ਡਾਕਟਰ ਐਨੀ ਸਮਿਥ (Dr. Annie Smith)
ਐਕਜ਼ੀਕਿਉਟਿਵ ਡਾਇਰੈਕਟਰ, ਮੈਕਕ੍ਰੀਰੀ ਸੈਂਟਰ ਸੋਸਾਇਟੀ
ਸਹਾਇਕ ਪ੍ਰੋਫ਼ੈਸਰ, ਸਕੂਲ ਆਫ਼ ਨਰਸਿੰਗ,
ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ
annie@mcs.bc.ca
604-291-1996 ਐਕਸਟੈਨਸ਼ਨ 225

ਡਾਕਟਰ ਐਲਿਜ਼ਾਬੈਥ ਸੇਵਿਕ (Dr. Elizabeth Saewyc)
ਸਨਮਾਨਿਤ ਯੂਨੀਵਰਸਿਟੀ ਦੇ ਪ੍ਰੋਫ਼ੈਸਰ, ਸਕੂਲ ਆਫ਼ ਨਰਸਿੰਗ,
ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ
ਰਿਸਰਚ ਡਾਇਰੈਕਟਰ, ਮੈਕਕ੍ਰੀਰੀ ਸੈਂਟਰ ਸੋਸਾਇਟੀ
esaewyc@mcs.bc.ca
604-291-1996 ਐਕਸਟੈਨਸ਼ਨ 223



*ਡਾਕਟਰ ਸੇਵਿਕ ਕੋਲ ਕੈਨੇਡੀਅਨ ਇੰਸਟੀਚਿਊਟ ਆਫ਼ ਹੈਲਥ ਰਿਸਰਚ (CIHR) ਅਤੇ ਕੈਨੇਡਾ ਦੀ ਪਬਲਿਕ ਹੈਲਥ ਏਜੰਸੀ ਤੋਂ ਗ੍ਰਾਂਟਾਂ ਹਨ ਜੋ ਅਧਿਐਨ ਵਿੱਚ ਉਨ੍ਹਾਂ ਦੀਆਂ ਭੂਮਿਕਾ ਦਾ ਸਮਰਥਨ ਕਰਦੇ ਹਨ।*


---

ਵਿਦਿਆਰਥੀ ਦਾ ਨਾਮ ________________________________ ਗ੍ਰੇਡ ______________

☐ ਮੇਰੇ ਬੱਚੇ ਨੂੰ 2023 ਬੀਸੀ ਕਿਸ਼ੋਰ ਸਿਹਤ ਸਰਵੇਖਣ ਵਿੱਚ ਭਾਗ ਲੈਣ ਲਈ ਮੇਰੀ ਇਜਾਜ਼ਤ ਹੈ।

☐ ਮੇਰੇ ਬੱਚੇ ਨੂੰ ਸਰਵੇਖਣ ਵਿੱਚ ਭਾਗ ਲੈਣ ਲਈ ਮੇਰੀ ਇਜਾਜ਼ਤ ਨਹੀਂ ਹੈ।

ਮਾਤਾ/ਪਿਤਾ/ਸਰਪ੍ਰਸਤ ਦੇ ਦਸਤਖ਼ਤ ______________________________ ਮਿਤੀ ______________

ਮਾਤਾ/ਪਿਤਾ/ਸਰਪ੍ਰਸਤ ਦਾ ਪੂਰੇ ਅੱਖਰਾਂ ਵਿੱਚ ਨਾਮ _____________________________